Washington State Department of Social & Health Services

*Transforming lives*

ਨਵੰਬਰ 2023

# ਇਨਹਾਂਸਡ ਕੇਸ ਮੈਨੇਜਮੈਂਟ ਪ੍ਰੋਗਰਾਮ

## ਸੰਖੇਪ ਜਾਣਕਾਰੀ

ਜਦੋਂ ਸਿਹਤ ਜਾਂ ਸੁਰੱਖਿਆ ਸਬੰਧੀ ਚਿੰਤਾਵਾਂ ਕਲਾਇੰਟਾਂ ਨੂੰ ਦੁਰਵਿਵਹਾਰ ਜਾਂ ਅਣਗਹਿਲੀ ਦੇ ਵਧੇਰੇ ਜੋਖਮ ਵਿੱਚ ਪਾਉਂਦੀਆਂ ਹਨ, ਤਾਂ ਇਨਹਾਂਸਡ ਕੇਸ ਮੈਨੇਜਮੈਂਟ ਪ੍ਰੋਗਰਾਮ ਮਦਦ ਕਰਦਾ ਹੈ। ਵਿਅਕਤੀਆਂ ਅਤੇ ਪਰਿਵਾਰਾਂ ਨੂੰ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ ਜਦੋਂ ਉਹਨਾਂ ਨੂੰ ਅਲੱਗ-ਥਲੱਗ (ਆਈਸੋਲੇਸ਼ਨ) ਰਹਿਣ, ਘਰ ਦੇ ਮਾਹੌਲ ਜਾਂ ਸੰਭਾਲ ਦੀ ਗੁਣਵੱਤਾ ਬਾਰੇ ਚਿੰਤਾਵਾਂ ਹੁੰਦੀਆਂ ਹਨ। ECMP ਇੱਕ ਕੇਸ ਸਰੋਤ ਮੈਨੇਜਰ ਪ੍ਰਦਾਨ ਕਰਦਾ ਹੈ ਜਿਨ੍ਹਾਂ ਕੋਲ 30 ਜਾਂ ਇਸ ਤੋਂ ਘੱਟ ਕੇਸਲੋਡ ਹੁੰਦੇ ਹਨ ਅਤੇ ਉਹ ਵਿਸ਼ੇਸ਼ ਸਹਾਇਤਾ ਦੀ ਪੇਸ਼ਕਸ਼ ਵੀ ਕਰ ਸਕਦੇ ਹਨ। CRM, ਹਰ ਚਾਰ ਮਹੀਨਿਆਂ ਵਿੱਚਕਾਰ ਘੱਟੋ-ਘੱਟ ਇੱਕ ਵਾਰੀ ਘਰ ਦਾ ਦੌਰਾ ਕਰ ਸਕਦੇ ਹਨ।

ECMP ਇਹ ਪ੍ਰੋਤਸ਼ਾਹਿਤ ਕਰਦਾ ਹੈ:

- ਸੇਵਾ ਲਈ ਵਿਅਕਤੀ-ਕੇਂਦਰਿਤ, ਸੰਪੂਰਨ ਪਹੁੰਚ।
- ਸੰਭਾਲ ਦੀ ਗੁਣਵੱਤਾ ਅਤੇ ਸਰੋਤਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ।
- ਭੁਗਤਾਨ ਕੀਤੀ ਅਤੇ ਗੈਰ-ਭੁਗਤਾਨ ਕੀਤੀ ਸਹਾਇਤਾ ਦੀ ਵਰਤੋਂ ਕਰਦੇ ਹੋਏ ਭਾਈਚਾਰਕ ਏਕੀਕਰਣ।
- ਪੀਅਰ ਕੁਨੈਕਸ਼ਨ।
- ਨਿੱਜੀ ਸਿਹਤ ਅਤੇ ਸੁਰੱਖਿਆ।
- ਸੁਰੱਖਿਅਤ ਰਹਿਣ ਦਾ ਮਾਹੌਲ।
- ਹੋਰ DDA ਸੇਵਾਵਾਂ।

## ਬਜਟ

ਸਾਡਾ ਵਰਤਮਾਨ ਬਜਟ 1,500 ਕਲਾਇੰਟਾਂ ਤੱਕ ਦਾ ਸਮਰਥਨ ਕਰਦਾ ਹੈ।



## ਪਾਰਟਨਰ

- DDA ਕਲਾਇੰਟ
- ਪਰਿਵਾਰਕ ਮੈਂਬਰ
- ਕਾਨੂੰਨੀ ਪ੍ਰਤੀਨਿਧ
- ਇਕਰਾਰਨਾਮੇ ਵਾਲੇ ਪ੍ਰਦਾਤਾ

## ਯੋਗਤਾ

DDA ਦੇ ਕਲਾਇੰਟ ਇਨਹਾਂਸਡ ਕੇਸ ਮੈਨੇਜਮੈਂਟ ਲਈ ਯੋਗ ਹੁੰਦੇ ਹਨ ਜੇਕਰ ਉਹਨਾਂ ਦਾ DDA ਮੁਲਾਂਕਣ ਜਾਂ ਹਾਲੀਆ ਘਟਨਾ ਆਈਸੋਲੇਸ਼ਨ, ਘਰ ਦੇ ਮਾਹੌਲ ਜਾਂ ਸੰਭਾਲ ਦੀ ਗੁਣਵੱਤਾ ਬਾਰੇ ਸਿਹਤ ਜਾਂ ਸੁਰੱਖਿਆ ਚਿੰਤਾਵਾਂ ਨੂੰ ਦਰਸਾਉਂਦੀ ਹੈ।

*(ਅਗਲੇ ਪੇਜ 'ਤੇ ਜਾਰੀ)*

ਸੰਪਰਕ: ਹੀਥਰ ਲਮ (Heather Lum), *ਇਨਹਾਂਸਡ ਕੇਸ ਮੈਨੇਜਮੈਂਟ ਪ੍ਰੋਗਰਾਮ ਮੈਨੇਜਰ* • Heather.lum@dshs.wa.gov • 360-407-1526

Washington State Department of Social & Health Services
Transforming lives

## ਨਿਗਰਾਨੀ

DSHS ਇਹ ਨਿਰਧਾਰਤ ਕਰਨ ਵਾਸਤੇ ਇੱਕ ਫਾਰਮਲ ਸਮੀਖਿਆ ਅਤੇ ਮੁਲਾਂਕਣ ਪ੍ਰਕਿਰਿਆ ਦੀ ਵਰਤੋਂ ਕਰਦਾ ਹੈ ਕਿ ਕੀ ਕੋਈ ਸੇਵਾ ਪ੍ਰਦਾਤਾ 388-829A WAC, DDA ਨੀਤੀਆਂ ਅਤੇ DDA ਇਕਰਾਰਨਾਮੇ ਵਿੱਚ ਵਰਣਿਤ ਪ੍ਰਮਾਣੀਕਰਨ ਲੋੜਾਂ ਨੂੰ ਪੂਰਾ ਕਰਦਾ ਹੈ ਜਾਂ ਨਹੀਂ। DDA ਘੱਟੋ-ਘੱਟ ਸਲਾਨਾ ਇਕਰਾਰਨਾਮੇ ਵਾਲੇ ਪ੍ਰਦਾਤਾਵਾਂ ਦੇ ਪ੍ਰਮਾਣੀਕਰਨ ਦਾ ਮੁਲਾਂਕਣ ਆਯੋਜਿਤ ਕਰਦਾ ਹੈ।

DSHS ਦੀਆਂ ਬਾਲਗ਼ ਸੁਰੱਖਿਕ ਸੇਵਾਵਾਂ ਕਲਾਇੰਟ ਨਾਲ ਹੋਏ ਦੁਰਵਿਵਹਾਰ, ਅਣਗਹਿਲੀ, ਸ਼ੋਸ਼ਣ, ਵਿੱਤੀ ਸ਼ੋਸ਼ਣ ਜਾਂ ਗਲਤਵਿਹਾਰ ਸਬੰਧੀ ਸ਼ਿਕਾਇਤਾਂ ਦੀ ਜਾਂਚ ਕਰਦੀਆਂ ਹਨ।

### ਬਾਹਰੀ

- DSHS' ਬਾਲਗ਼ ਸੁਰੱਖਿਅਕ ਸੇਵਾਵਾਂ
- Medicare ਅਤੇ Medicaid ਸੇਵਾਵਾਂ ਲਈ ਕੇਂਦਰ
- Washington ਸਟੇਟ ਦਾ ਆਡੀਟਰ ਬਾਰੇ ਦਫ਼ਤਰ।
- Washington ਸਟੇਟ ਦਾ ਸਿਹਤ ਬਾਰੇ ਵਿਭਾਗ (Washington State Department of Health)

### ਅੰਦਰੂਨੀ

- ਪਾਲਣਾ, ਨਿਗਰਾਨੀ ਅਤੇ ਸਿਖਲਾਈ ਬਾਰੇ DDA ਦਫ਼ਤਰ
- ਗੁਣਵੱਤਾ ਪ੍ਰੋਗਰਾਮ ਅਤੇ ਹਿਸੇਦਾਰਾਂ ਦੀ ਸ਼ਾਮਲਤਾ ਬਾਰੇ DDA ਦਫ਼ਤਰ



## ਅਥਾਰਿਟੀ

ਟਾਈਟਲ 71A RCW, ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ)

RCW 71A.12.320, ਦੁਰਵਿਵਹਾਰ ਅਤੇ ਅਣਗਹਿਲੀ ਦਾ ਜੋਖਮ — ਪ੍ਰਕਿਰਿਆ — ਘਰ ਦੇ ਦੌਰੇ

ਟਾਈਟਲ 388-829B WAC, ਇਨਹਾਂਸਡ ਕੇਸ ਮੈਨੇਜਮੈਂਟ ਪ੍ਰੋਗਰਾਮ

DDA ਨੇ ਸੀਨੇਟ ਬਿੱਲ 6564, *ਵਿਕਾਸ ਸਬੰਧੀ ਅਪੰਗਤਾ (ਅਸਮਰੱਥਾ) ਵਾਲੇ ਵਿਅਕਤੀਆਂ ਦੀ ਸੁਰੱਖਿਆ* ਦੇ ਜਵਾਬ ਵਿੱਚ ਐਨਹਾਂਸਡ ਕੇਸ ਪ੍ਰਬੰਧਨ ਪ੍ਰੋਗਰਾਮ ਤਿਆਰ ਕੀਤਾ ਹੈ।